REG/OP/2019-106

# ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ
## (ਰਜਿਸਟਰਾਰ ਦਫਤਰ)

ਆਈ.ਕੇ.ਜੀ.ਪੀ.ਟੀ.ਯੂ./ਰਜਿ./ 1261 ਮਿਤੀ: 28/05/2019

## ਦਫਤਰੀ ਹੁਕਮ

ਵਿਸ਼ਾ: **ਮਿਤੀ 30/05/2019 (ਵੀਰਵਾਰ) ਨੂੰ ਮਾਤਾ ਭੱਦਰਕਾਲੀ ਜੀ ਦੇ ਮੇਲਾ ਸਬੰਧੀ ਛੁੱਟੀ।**

ਮਾਤਾ ਭੱਦਰਕਾਲੀ ਜੀ ਦਾ ਮੇਲਾ ਪਿੰਡ ਸ਼ੇਖੂਪੁਰ, ਸਬ ਡਵੀਜਨ ਕਪੂਰਥਲਾ ਵਿਖੇ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ, ਕਪੂਰਥਲਾ ਦੇ ਪਿੱਠ ਅੰਕਣ ਨੰਬਰ 1826-1837/ਐਮ.ਏ. ਮਿਤੀ 28/05/2019 ਰਾਹੀਂ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਅਤੇ ਇਤਿਹਾਸਕ ਮੇਲੇ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਸਬ ਡਵੀਜਨ, ਕਪੂਰਥਲਾ ਵਿਖੇ ਪੈਂਦੇ ਸਾਰੇ ਸਰਕਾਰੀ ਅਦਾਰਿਆਂ/ਨਿਗਮ ਬੋਰਡਾਂ/ਸਰਕਾਰੀ ਅਤੇ ਅਰਧ ਸਰਕਾਰੀ ਵਿਦਿਅਕ ਅਦਾਰਿਆਂ/ ਹੋਰ ਸਰਕਾਰੀ ਸੰਸਥਾਵਾਂ ਅਤੇ ਸੇਵਾ ਕੇਂਦਰਾਂ ਵਿੱਚ ਮਿਤੀ 30/05/2019 (ਵੀਰਵਾਰ) ਨੂੰ ਲੋਕਲ ਛੁੱਟੀ ਕੀਤੀ ਹੈ।

ਮਾਣਯੋਗ ਉਪ-ਕੁਲਪਤੀ ਜੀ ਦੀ ਪ੍ਰਵਾਨਗੀ ਉਪਰੰਤ ਉੱਕਤ ਨੂੰ ਮੁੱਖ ਰੱਖਦੇ ਹੋਏ ਮਿਤੀ 30/05/2019 (ਵੀਰਵਾਰ) ਨੂੰ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਦੇ ਮੇਨ ਕੈਂਪਸ ਵਿਖੇ ਛੁੱਟੀ ਘੋਸ਼ਿਤ ਕੀਤੀ ਜਾਂਦੀ ਹੈ।

ਯੂਨੀਵਰਸਿਟੀ ਵਿਖੇ ਚੱਲ ਰਹੀਆਂ ਪ੍ਰੀਖਿਆਵਾਂ ਅਤੇ ਹੋਰ ਜਰੂਰੀ ਸੇਵਾਵਾਂ ਪਹਿਲਾਂ ਮਿੱਥੇ ਸ਼ਡਿਊਲ ਅਨੁਸਾਰ ਹੀ ਚੱਲਣਗੀਆਂ।

28/5/19

**(ਡਾ. ਐਸ.ਐਸ. ਵਾਲੀਆ)**
**ਰਜਿਸਟਰਾਰ**

ਪਿੱਠ ਅੰ:ਨੰ: ਆਈ.ਕੇ.ਜੀ.ਪੀ.ਟੀ.ਯੂ./ਰਜਿ/ਦਹ/ 1262-1267 ਮਿਤੀ: 28/05/2019

ਇਸ ਦਾ ਇੱਕ ਉਤਾਰਾ ਹੇਠ ਲਿਖੇ ਅਧਿਕਾਰੀਆਂ ਨੂੰ ਜਾਣਕਾਰੀ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਇੰਚਾਰਜ ਸਕੱਤਰੇਤ, ਉਪ ਕੁਲਪਤੀ ਦਫਤਰ: ਉਪ ਕੁਲਪਤੀ ਜੀ ਦੀ ਜਾਣਕਾਰੀ ਹਿੱਤ
2. ਸਮੂਹ ਵਿਭਾਗ ਮੁੱਖੀ (ਨਾਨ ਟੀਚਿੰਗ)
3. ਡਾਇਰੈਕਟਰ (ਮੇਨ ਕੈਂਪਸ): ਆਪ ਦੇ ਅਧੀਨ ਆਉਂਦੇ ਸਮੂਹ ਵਿਭਾਗ ਮੁੱਖੀ (ਟੀਚਿੰਗ) ਨੂੰ ਜਾਣੂ ਕਰਾਉਣ ਹਿੱਤ।
4. ਡਿਪਟੀ ਰਜਿਸਟਰਾਰ (ਐਚ.ਆਰ.ਐਮ.)
5. ਇੰਚਾਰਜ (ਆਈ.ਟੀ.ਐਸ.): ਵੈਬਸਾਈਟ ਤੇ ਅਪਲੋਡ ਕਰਾਉਣ ਹਿੱਤ।
6. ਸਹਾਇਕ ਰਜਿਸਟਰਾਰ (ਜਨਰਲ ਪ੍ਰਬੰਧਨ)

**(ਡਾ. ਐਸ.ਐਸ. ਵਾਲੀਆ)**
**ਰਜਿਸਟਰਾਰ**